# ਪੰਜਾਬ ਸਹਿਰੀ ਯੋਜਨਾਂਬੰਦੀ ਅਤੇ ਵਿਕਾਸ ਅਥਾਰਟੀ,

ਪੁੱਡਾ, ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ।

ਵੱਲ

1. ਵਧੀਕ ਮੁੱਖ ਪ੍ਰਸ਼ਾਸਕ,
   ਗਮਾਡਾ, ਐਸ.ਏ.ਐਸ.ਨਗਰ।

2. ਵਧੀਕ ਮੁੱਖ ਪ੍ਰਸ਼ਾਸਕ,
   ਪੀ.ਡੀ.ਏ., ਪਟਿਆਲਾ।

3. ਵਧੀਕ ਮੁੱਖ ਪ੍ਰਸ਼ਾਸਕ,
   ਜੇ.ਡੀ.ਏ., ਜਲੰਧਰ।

4. ਵਧੀਕ ਮੁੱਖ ਪ੍ਰਸ਼ਾਸਕ,
   ਗਲਾਡਾ, ਲੁਧਿਆਣਾ।

5. ਵਧੀਕ ਮੁੱਖ ਪ੍ਰਸ਼ਾਸਕ,
   ਏ.ਡੀ.ਏ., ਅੰਮ੍ਰਿਤਸਰ।

6. ਵਧੀਕ ਮੁੱਖ ਪ੍ਰਸ਼ਾਸਕ,
   ਬੀ.ਡੀ.ਏ., ਬਠਿੰਡਾ।

ਨੰ. ਪੁੱਡਾ-ਪਾਲਿਸੀ ਸਾਖਾ/ਸ-1 /2017/ 30155-63
ਮਿਤੀ : 17/7/17

ਵਿਸਾ : ਪੁੱਡਾ ਅਤੇ ਵਿਕਾਸ ਅਥਾਰਟੀਆਂ ਵੱਲੋਂ ਵੱਖ-ਵੱਖ ਸ਼ਹਿਰੀ ਮਿਲਖਾਂ ਵਿੱਚ ਅਲਾਟ ਕੀਤੇ ਗਏ ਰਿਹਾਇਸ਼ੀ/ਵਪਾਰਕ/ਸੰਸਥਾਨਕ ਪਲਾਟਾਂ/ਸਾਈਟਾਂ/ਮਕਾਨਾਂ ਦੇ ਡਿਫਾਲਟਰ ਅਲਾਟੀਆਂ ਨੂੰ ਅਲਾਟਮੈਂਟ ਕੀਮਤ ਦੀਆਂ ਕਿਸ਼ਤਾਂ ਸਮੇਤ ਵਿਆਜ ਪੈਨਲਟੀ ਯੱਕਮੁਸ਼ਤ ਜਮ੍ਹਾਂ ਕਰਵਾਉਣ ਲਈ ਆਖਰੀ ਮੌਕਾ ਦੇਣ ਵਾਸਤੇ ਮੁਆਫੀ ਸਕੀਮ (ਐਮਨੈਸਟੀ ਸਕੀਮ)।

ਉਪਰੋਕਤ ਵਿਸ਼ੇ ਤੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਪੁੱਡਾ ਅਤੇ ਵੱਖ ਵੱਖ ਅਥਾਰਟੀਆਂ ਅਧੀਨ ਸ਼ਹਿਰੀ ਮਿਲਖਾਂ ਵਿੱਚ ਅਲਾਟ ਕੀਤੇ ਗਏ ਰਿਹਾਇਸ਼ੀ/ਵਪਾਰਕ/ਸੰਸਥਾਨਕ ਪਲਾਟਾਂ/ਸਾਈਟਾਂ/ਮਕਾਨਾਂ ਦੇ ਡਿਫਾਲਟਰ ਅਲਾਟੀਆਂ ਨੂੰ ਅਲਾਟਮੈਂਟ ਕੀਮਤ ਦੀਆਂ ਕਿਸ਼ਤਾਂ ਸਮੇਤ ਵਿਆਜ ਪੈਨਲਟੀ ਯੱਕਮੁਸ਼ਤ ਜਮ੍ਹਾਂ ਕਰਵਾਉਣ ਲਈ ਆਖਰੀ ਮੌਕਾ ਦੇਣ ਵਾਸਤੇ ਮੁਆਫੀ (ਐਮਨੈਸਟੀ) ਸਕੀਮ ਲਾਂਚ ਕਰਨ ਲਈ ਪੁੱਡਾ ਦੀ ਅਥਾਰਟੀ ਦੀ 55ਵੀਂ ਮੀਟਿੰਗ ਦੀ ਮੱਦ ਨੰ: 55.15 ਤੇ ਅਜੰਡਾ ਨੋਟ ਪੇਸ਼ ਕੀਤਾ ਗਿਆ ਸੀ। ਅਥਾਰਟੀ ਵੱਲੋਂ ਪੁੱਡਾ ਅਤੇ ਵੱਖ ਵੱਖ ਅਥਾਰਟੀਆਂ ਅਧੀਨ ਸ਼ਹਿਰੀ ਮਿਲਖਾਂ ਵਿੱਚ ਹੇਠ ਲਿਖੀਆਂ ਸ਼ਰਤਾਂ ਤੇ ਮੁਆਫੀ(ਐਮਨੈਸਟੀ) ਸਕੀਮ ਸ਼ੁਰੂ ਕਰਨ ਲਈ ਪ੍ਰਵਾਨਗੀ ਦਿੱਤੀ ਹੈ:-

1.0 ਪੁੱਡਾ ਅਤੇ ਹੋਰ ਵਿਕਾਸ ਅਥਾਰਟੀਆਂ ਦੇ ਵਿੱਤੀ ਅਤੇ ਕਾਨੂੰਨੀ ਹਿੱਤਾਂ ਅਤੇ ਪਬਲਿਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਮਹਿਸੂਸ ਕੀਤਾ ਗਿਆ ਹੈ ਕਿ ਉਕਤ ਦਰਸਾਏ ਰਿਹਾਇਸ਼ੀ/ਵਪਾਰਿਕ/ਸੰਸਥਾਨਕ ਪਲਾਟਾ/ਸਾਇਟਾਂ/ਮਕਾਨਾਂ ਦੇ ਸਾਰੇ ਡਿਫਾਲਟਰ ਅਲਾਟੀਆਂ ਨੂੰ ਇਕ ਆਖਰੀ ਮੌਕਾ ਦਿੰਦੇ ਹੋਏ ਬਕਾਇਆ ਰਹਿੰਦੀ ਰਕਮ ਤੇ 15% ਸਲਾਨਾ ਪੀਨਲ ਵਿਆਜ (ਜੋਕਿ ਕਿਸ਼ਤ ਦੀ ਰਕਮ ਡਿਊ ਹੋਣ ਤੋਂ ਜਮ੍ਹਾ ਹੋਣ ਦੀ ਮਿਤੀ ਤੱਕ ਕੈਲਕੁਲੇਟ ਕੀਤਾ ਜਾਵੇਗਾ) ਸਮੇਤ ਜਮ੍ਹਾਂ ਕਰਵਾਉਣ ਲਈ ਇੱਕ ਮੌਕਾ ਦਿੱਤਾ ਜਾਵੇ। ਇਸ ਸਬੰਧੀ ਅਖਬਾਰਾਂ ਵਿਚੋਂ ਜਨਤਕ ਨੋਟਿਸ ਦੇ ਦਿੱਤਾ ਜਾਵੇ ਕਿ ਅਜਿਹੇ ਡਿਫਾਲਟਰ ਅਲਾਟੀ ਜਨਤਕ ਸੂਚਨਾਂ ਦੇ ਅਖਬਾਰਾ ਵਿੱਚ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਸਬੰਧਤ ਮਿਲਖ ਦਫਤਰ ਨੂੰ ਲਿਖਤੀ ਦਰਖਾਸਤ ਜਿਸ ਵਿੱਚ ਅਲਾਟੀ ਆਪਣੀ ਮੋਬਾਇਲ ਨੰਬਰ ਦਰਜ ਕਰਕੇ ਬਕਾਇਆ ਰਕਮ ਜਮ੍ਹਾਂ ਕਰਵਾਉਣ ਦੀ ਪੇਸ਼ਕਸ਼ ਕਰ ਸਕਦੇ ਹਨ। ਇਸ ਦਰਖਾਸਤ ਨਾਲ ਅਲਾਟੀ ਵੱਲੋਂ ਇੱਕ ਅੰਡਰਟੇਕਿੰਗ ਦਿੱਤੀ ਜਾਵੇਗੀ ਕਿ ਉਹ ਪਲਾਟ/ਸਾਈਟ/ਮਕਾਨ ਦੀ ਬਹਾਲੀ ਉਪਰੰਤ ਉਸ ਵੱਲੋਂ ਦਾਇਰ ਕੀਤੀ ਅਪੀਲ/ਰਵੀਜਨ ਜਾਂ ਕੋਰਟ ਕੇਸ ਸਬੰਧਤ ਅਥਾਰਟੀ/ਕੋਰਟ ਤੋਂ ਵਾਪਸ ਲਵੇਗਾ। ਜਿਨ੍ਹਾਂ ਤੇ ਮਿਲਖ ਅਫਸਰ ਵੱਲੋਂ 30 ਦਿਨਾਂ ਦੇ ਅੰਦਰ ਅੰਦਰ ਅਲਾਟੀ ਨੂੰ ਬਕਾਇਆ ਰਕਮ SMS ਅਤੇ ਲਿਖਤੀ ਰੂਪ ਵਿੱਚ ਸੂਚਿਤ ਕੀਤੀ ਜਾਵੇਗੀ। ਅਲਾਟੀ ਸੂਚਿਤ ਕੀਤੀ ਗਈ ਰਕਮ 60 ਦਿਨਾਂ ਦੇ ਵਿੱਚ ਵਿੱਚ ਜਮ੍ਹਾਂ ਕਰਾਉਣ ਲਈ ਪਾਬੰਦ ਹੋਵੇਗਾ।

2.0 ਇਹ ਸਕੀਮ ਸਿਰਫ ਉਨ੍ਹਾਂ ਤੇ ਲਾਗੂ ਹੋਵੇਗੀ ਜਿਹੜੇ ਅਲਾਟੀ ਪਿੱਛਲੇ ਚਾਰ ਸਾਲਾਂ ਤੋਂ ਘੱਟ ਸਮੇਂ ਲਈ ਡਿਫਾਲਟਰ ਹਨ ਜਾਂ ਉਨ੍ਹਾਂ ਦੀ ਪਨੈਲਟੀ ਦੀ ਰਕਮ ਐਕਟ ਦੀ ਧਾਰਾ 45 ਅਨੁਸਾਰ ਬਕਾਇਆ ਰਕਮ ਤੋਂ 100% ਤੋਂ ਵੱਧ ਨਹੀ ਹੈ, ਉਨ੍ਹਾਂ ਤੇ ਹੀ ਲਾਗੂ ਹੋਵੇਗੀ।

3.0 ਜਿਹੜੇ ਅਲਾਟੀਆਂ ਨੂੰ ਰਿਫੰਡ ਹੋ ਚੁੱਕਾ ਹੈ ਪਰ ਮਿਲਖ ਦਫਤਰ ਵਲੋਂ ਉਹਨਾਂ ਤੋਂ ਕਬਜਾ ਵਾਪਿਸ ਨਹੀਂ ਲਿਆ ਗਿਆ ਜਾਂ ਜਿਹੜੇ ਅਲਾਟੀਆਂ ਤੋਂ ਕਬਜਾ ਵਾਪਿਸ ਲੈ ਲਿਆ ਜਾ ਚੁੱਕਾ ਹੈ, ਅਜਿਹੇ ਅਲਾਟੀਆਂ ਤੇ ਇਹ ਸਕੀਮ ਲਾਗੂ ਨਹੀਂ ਹੋਵੇਗੀ।

4.0 ਜਿਹੜੇ ਅਲਾਟੀ ਇਸ ਸਕੀਮ ਦਾ ਲਾਭ ਲੈ ਕੇ ਯਕਮੁਸ਼ਤ ਰਕਮ ਜਮ੍ਹਾ ਕਰਵਾ ਦਿੰਦੇ ਹਨ ਮਿਲਖ ਅਫਸਰ ਉਸ ਰਿਹਾਇਸ਼ੀ/ਵਪਾਰਕ/ਸੰਸਥਾਨਕ ਪਲਾਟ/ਸਾਈਟ/ਮਕਾਨ ਦੀ ਬਹਾਲੀ ਸਬੰਧੀ ਸਪੀਕਿੰਗ ਆਰਡਰ ਜਾਰੀ ਕਰਕੇ ਸਬੰਧਤ ਅਲਾਟੀ ਨੂੰ ਸੂਚਿਤ ਕਰਨਗੇ।

5.0 ਇਸ ਉਪਰੰਤ ਜਿਸ ਵੀ Statutory Authority ਪਾਸ ਪਲਾਟ/ਸਾਈਟ/ਮਕਾਨ/ਸੰਸਥਾਨਕ ਪਲਾਟਾ ਦੀ ਅਪੀਲ/ਰਵੀਜਨ ਪੈਂਡਿਗ ਹੈ ਜਾਂ ਜਿਸ ਕਿਸੇ ਵੀ ਅਦਾਲਤ ਵਿੱਚ ਕੋਰਟ ਕੇਸ ਪੈਂਡਿਗ ਹੈ, ਮਿਲਖ ਅਫਸਰ ਅਤੇ ਅਲਾਟੀ ਉਸ ਅਦਾਲਤ ਪਾਸ ਰਿਹਾਇਸ਼ੀ/ਵਪਾਰਕ/ਸੰਸਥਾਨਕ ਪਲਾਟ/ਸਾਈਟ/ਮਕਾਨ ਦੀ ਬਹਾਲੀ ਦੇ ਹੁਕਮਾਂ ਦੀ ਕਾਪੀ ਪੇਸ਼ ਕਰਕੇ ਅਪੀਲ/ਰਵੀਜਨ/ਕੋਰਟ ਕੇਸ ਸਬੰਧਤ ਅਦਾਲਤ ਤੋਂ ਵਾਪਿਸ ਲੈਣਗੇ।

ਸੁਪਰਡੰਟ(ਪਾਲਿਸੀ)
ਵਾਸਤੇ ਮੁੱਖ ਪ੍ਰਸ਼ਾਸਕ।

ਪਿੱਠ ਅੰਕਣ ਨੰ: ਪੁੱਡਾ/ਪਾਲਿਸੀਸ਼ਾਖਾ/ਸ1/2017/30155-63 ਮਿਤੀ: 19/9/17

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਮਿਲਖ ਅਫਸਰ (ਪਲਾਟਸ), ਗਮਾਡਾ, ਐਸ.ਏ.ਐਸ.ਨਗਰ।
2) ਮਿਲਖ ਅਫਸਰ (ਹਾਊਸਿੰਗ), ਗਮਾਡਾ, ਐਸ.ਏ.ਐਸ.ਨਗਰ।
3) ਮਿਲਖ ਅਫਸਰ, ਗਲਾਡਾ/ਪੀ.ਡੀ.ਏ/ਜੇ.ਡੀ.ਏ./ ਏ.ਡੀ.ਏ.,/ਬੀ.ਡੀ.ਏ.।
4) ਜੀ.ਐਮ.(ਆਈ.ਟੀ ਅਤੇ ਸੀ), ਪੁੱਡਾ, ਐਸ.ਏ.ਐਸ.ਨਗਰ।

ਸੁਪਰਡੰਟ(ਪਾਲਿਸੀ)
ਵਾਸਤੇ ਮੁੱਖ ਪ੍ਰਸ਼ਾਸਕ।